**Dispatch No. :** I/18572/2020

ਜਿਲ੍ਹਾ ਲੋਕ ਸੰਪਰਕ ਅਫ਼ਸਰ, ਫਰੀਦਕੋਟ

ਜਿਲ੍ਹਾ ਮੈਜਿਸਟਰੇਟ ਵੱਲੋਂ ਬੈਂਕਾ, ਏ.ਟੀ.ਐਮ ਖੋਲਣ ਦਾ ਨਵਾਂ ਰੋਸਟਰ ਜਾਰੀ

ਸੂਚੀ ਵਿਚ ਦਰਜ ਬੈਂਕ ਸਵੇਰੇ 09:00 ਵਜੇ ਤੋਂ ਦੁਪਹਿਰ 02:00 ਵਜੇ ਤੱਕ ਖੁੱਲਣਗੇ

ਏ.ਟੀ.ਐਮ ਖੋਲਣ ਦਾ ਸਮਾਂ ਸਵੇਰੇ 06.00 ਵਜੇ ਤੋਂ ਸ਼ਾਮ 08.00 ਵਜੇ ਤੱਕ ਖੁੱਲਣਗੇ

ਫਰੀਦਕੋਟ 16 ਅਪ੍ਰੈਲ 2020 ( ) ਜਿਲ੍ਹਾ ਮੈਜਿਸਟਰੇਟ ਫਰੀਦਕੋਟ ਸ੍ਰੀ ਕੁਮਾਰ ਸੌਰਭ ਰਾਜ ਵੱਲੋਂ ਜਿਲ੍ਹੇ ਵਿਚ ਕਰੋਨਾ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ 23 ਮਾਰਚ 2020 ਨੂੰ ਲਗਾਏ ਗਏ ਕਰਫਿਊ ਦੀ ਲਗਾਤਾਰਤਾ ਵਿਚ ਜਿਲ੍ਹੇ ਦੇ ਬੈਂਕਾਂ, ਏ.ਟੀ.ਐਮਜ਼ ਆਦਿ ਲਈ ਖੋਲਣ ਦਾ ਸਮਾਂ ਅਤੇ ਖੁੱਲੇ ਜਾਣ ਵਾਲੇ ਬੈਂਕਾ ਦਾ ਨਵਾਂ ਰੋਸਟਰ ਜਾਰੀ ਕੀਤਾ ਹੈ।

ਜਿਲ੍ਹਾ ਮੈਜਿਸਟਰੇਟ ਵੱਲੋਂ ਦੱਸਿਆ ਕਿ ਜਿਲ੍ਹੇ ਦੇ ਸਾਰੇ ਬੈਂਕਾ ਦੇ ਏ.ਟੀ.ਐਮ ਸਵੇਰੇ 06:00 ਵਜੇ ਤੋਂ ਸ਼ਾਮ 08.00 ਵਜੇ ਤੱਕ ਖੁੱਲੇ ਰਹਿਣਗੇ ਅਤੇ ਇਸ ਤੋਂ ਇਲਾਵਾ ਨਾਲ ਸੋਧੀ ਲਿਸਟ ਅਨੁਸਾਰ ਕੁਝ ਏ.ਟੀ.ਐਮ 24 ਘੰਟੇ ਖੁੱਲੇ ਰਹਿਣਗੇ। ਉਨ੍ਹਾਂ ਦੱਸਿਆ ਕਿ ਬੈਂਕਾ ਅਤੇ ਬੈਂਕਾਂ ਦੀਆਂ ਸਾਰੀਆਂ/ਕਰੰਸੀ ਚੈਸਟ 16-04-2020 ਤੋਂ ਸਵੇਰੇ 09.00 ਵਜੇ ਦੁਪਹਿਰ 02.00 ਵਜੇ ਤੱਕ ਤੋਂ ਅਗਲੇ ਹੁਕਮਾਂ ਤੱਕ ਖੁੱਲੀਆਂ ਰਹਿਣਗੀਆਂ। ਬੈਂਕ ਸਟਾਫ ਦੇ ਬੈਂਕ ਆਈ.ਡੀ. ਕਾਰਡ ਨੂੰ ਕਰਫਿਊ ਪਾਸ ਮੰਨਿਆ ਜਾਵੇਗਾ। ਗਾਹਕਾਂ ਦੀ ਭੀੜ ਨੂੰ ਧਿਆਨ ਵਿਚ ਰੱਖਦੇ ਹੋਏ ਹਰੇਕ ਬੈਂਕ ਸ਼ਾਖਾ ਅਤੇ ਏ.ਟੀ.ਐਮ ਤੇ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਸਾਰੇ ਖੁੱਲਣ ਵਾਲੇ ਬੈਂਕਾਂ ਦੇ ਮੈਨੇਜਰਾਂ ਵੱਲੋਂ ਬੈਂਕਾਂ ਵਿਚ 1 ਤੋਂ 1.5 ਮੀਟਰ ਸਮਾਜਿਕ ਦੂਰੀ, ਸੈਨੀਟਾਈਜ਼ਰ, ਮਾਸਕ ਅਤੇ ਦਸਤਾਨਿਆਂ ਦੀ ਵਰਤੋਂ ਨੂੰ ਯਕੀਨੀ ਬਣਾਇਆ ਜਾਵੇਗਾ।

Dispatch No. I/18586/2020

ਜ਼ਿਲਾ ਲੋਕ ਸੰਪਰਕ ਅਫਸਰ, ਫਰੀਦਕੋਟ

## ਤੂੜੀ ਬਨਾਉਣ ਦਾ ਸਮਾਂ ਕਣਕ ਕਟਾਈ ਤੋਂ 10 ਦਿਨ ਬਾਅਦ ਦਾ ਹੋਵੇਗਾ-ਜਿਲ੍ਹਾ ਮੈਜਿਸਟ੍ਰੇਟ

### ਜ਼ਿਲਾ ਮੈਜਿਸਟਰੇਟ ਵੱਲੋਂ ਕਣਕ ਦੇ ਨਾੜ ਅਤੇ ਹੋਰ ਰਹਿੰਦ ਖੂੰਹਦ ਨੂੰ ਅੱਗ ਲਾਉਣ ਤੇ ਪੂਰਨ ਤੌਰ ਤੇ ਪਾਬੰਦੀ ਪਹਿਲਾਂ ਤੋਂ ਹੀ ਜਾਰੀ

### ਇਹ ਹੁਕਮ 31 ਮਈ 2020 ਤੱਕ ਲਾਗੂ ਰਹਿਣਗੇ

ਫਰੀਦਕੋਟ, 16 ਅਪ੍ਰੈਲ -( )-ਜ਼ਿਲਾ ਮੈਜਿਸਟ੍ਰੇਟ ਫ਼ਰੀਦਕੋਟ ਸ੍ਰੀ ਕੁਮਾਰ ਸੌਰਭ ਰਾਜ ਨੇ ਫੌਂਜਦਾਰੀ ਦੰਡ ਸੰਘਤਾ ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਫਰੀਦਕੋਟ ਅੰਦਰ ਹਾੜੀ ਦੀ ਫਸਲ ਕਣਕ ਦੀ ਕਟਾਈ ਨੂੰ ਮੁੱਖ ਰੱਖਦਿਆਂ ਕਣਕ ਦੀ ਕਟਾਈ ਉਪਰੰਤ ਤੂੜੀ ਬਨਾਉਣ ਦਾ ਸਮਾਂ, ਕਣਕ ਕਟਾਈ ਤੋਂ 10 ਦਿਨ ਬਾਅਦ ਦਾ ਮੁਕਰੱਰ ਕੀਤਾ ਹੈ।

ਜਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਕਣਕ ਦੀ ਕਟਾਈ ਤੋਂ ਬਾਅਦ ਤੂੜੀ ਬਨਾਉਣ ਲਈ ਕਿਸਾਨ/ਜਿੰਮੀਦਾਰ/ਸਬੰਧਤ ਮਾਲਕ ਆਪਣੇ ਸਾਧਨਾਂ ਦੀ ਵਰਤੋਂ ਕਰਦੇ ਹਨ । ਤੂੜੀ ਬਣਾਉਣ ਦੌਰਾਨ ਅੱਗ ਲੱਗਣ ਦੀਆਂ ਘਟਨਾਵਾਂ ਕਾਰਨ ਨਾਲ ਖੜੀ ਕਣਕ ਨੂੰ ਨੁਕਸਾਨ ਹੋਣ ਦਾ ਖਦਸਾ ਬਣਿਆ ਰਹਿੰਦਾ ਹੈ। ਇਸ ਲਈ ਤੂੜੀ ਬਣਾਉਣ ਦਾ ਸਮਾਂ ਕਟਾਈ ਤੋਂ 10 ਦਿਨ ਬਾਅਦ ਦਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਮਿਤੀ 9 ਅਪ੍ਰੈਲ 2020 ਨੂੰ ਹੁਕਮ ਜਾਰੀ ਕਰਕੇ ਕਣਕ ਦੀ ਰਹਿੰਦ ਖੂੰਹਦ ਅਤੇ ਨਾੜ੍ਹ ਨੂੰ ਅੱਗ ਲਾਉਣ ਤੇ ਮਨਾਹੀ ਜਾਰੀ ਕੀਤੀ ਹੋਈ ਹੈ ।ਅਜਿਹਾ ਲੋਕ ਹਿੱਤਾਂ ਨੂੰ ਮੁੱਖ ਰੱਖਕੇ ਕੀਤਾ ਗਿਆ ਹੈ।ਉਪਰੋਕਤ ਹੁਕਮ 31 ਮਈ ਤੱਕ ਜਾਰੀ ਰਹਿਣਗੇ।